⑨

# ਤੁਰਕ

(ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

ਵੈਸੇ ਤਾਂ ਲਫ਼ਜ਼ 'ਤੁਰਕ' ਇੱਕ ਖ਼ਾਸ ਕੌਮ ਲਈ ਵਰਤਿਆ ਜਾਂਦਾ ਹੈ, ਪਰ ਗੁਰਬਾਣੀ ਅਤੇ ਹੋਰ ਸਿੱਖ-ਸਾਹਿਤ ਵਿੱਚ ਇਹ ਲਫ਼ਜ਼ 'ਮੁਸਲਮਾਨ' ਦੇ ਸਮਾਨ-ਅਰਥਕ ਵਜੋਂ ਵਰਤਿਆ ਗਿਆ ਮਿਲਦਾ ਹੈ । ਜਿਵੇਂ : -

"*ਤੁਰਕ ਤਰੀਕਤਿ ਜਾਨੀਐ ਹਿੰਦੂ ਬੇਦ ਪੁਰਾਨ ॥ ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥*"[1]

'ਰਹਿਤਨਾਮਾ ਭਾਈ ਚਉਪਾ ਸਿੰਘ' ਵਿੱਚ ਮੁਸਲਮਾਨਾਂ (ਤੁਰਕਾਂ) ਪ੍ਰਤੀ ਅਵਿਸ਼ਵਾਸ ਜਾਂ ਨਫ਼ਰਤ ਦਰਸਾਉਂਦੀ ਸ਼ਬਦਾਵਲੀ ਵਰਤੀ ਗਈ ਹੈ । ਉਦਾਹਰਣ ਵਜੋਂ ਹੇਠ ਲਿੱਖੀਆਂ ਪੰਕਤੀਆਂ ਵੇਖੀਆਂ ਜਾ ਸਕਦੀਆਂ ਹਨ: -

"*ਗੁਰੂ ਕਾ ਸਿਖ ਹੋਇਕੈ ਤੁਰਕਣੀ ਨਾਲ ਸੰਗ ਨਾ ਕਰੈ, ਤੁਰਕ ਨਾਲਿ ਦੋਸਤੀ ਭੀ ਨਾ ਕਰੈ ਅਤੇ ਵਿਸਾਹੁ ਭੀ ਨਾ ਕਰੈ । ਤੁਰਕ ਦੇ ਹਥਹੁੰ ਪਾਣੀ ਨ ਪੀਵੈ । ਤੁਰਕ ਨਾਲ ਰਲਿ ਨਾ ਸਵੈ । ਤੁਰਕ ਦੀ ਸੁਗੰਦ ਦਾ ਇਤਬਾਰ ਨ ਕਰੈ । ਤੁਰਕ ਦੀ ਜ਼ਬਾਨੀ ਗਿਆਨ-ਚਰਚਾ ਸੁਣ ਕੇ ਮੋਹਿਤ ਨ ਹੋਇ । ਇਕ-ਸਫਾ ਬੈਠਿਆਂ ਤੁਰਕ ਦੇ ਪ੍ਰਸਾਦਿ ਨ ਖਾਏ । ਜੇਹਾ ਨਾਲ ਰਲਿ ਖਾਧਾ, ਤੇਹਾ ਇਕ-ਸਫਾ ਬੈਠੇ । ਤੁਰਕ ਨੂੰ ਧਰਮ-ਕਰਮ, ਗਊ-ਦੋਖੀ ਜਾਣੇ । ਗੁਰੂ ਕਾ ਬਚਨੁ ਹੈ, "ਸਕਲ ਮਲੇਛ ਕਰਹੁ ਰਣਿ ਘਾਤਾ ॥"*

"*ਸਕਲ ਮਲੇਛ ਕਰਹੁ ਰਣਿ ਘਾਤਾ*" ਪੰਕਤੀਆਂ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚੋਂ ਲਈਆਂ ਗਈਆਂ ਹਨ । ਅਸਲ ਵਿੱਚ, ਕਈ ਵਿਦਵਾਨ ਬਿਨ੍ਹਾਂ ਵੀਚਾਰੇ ਹੀ ਮਲੇਛ ਦਾ ਅਰਥ 'ਮੁਸਲਮਾਨ' ਕਰਦੇ ਹਨ । ਸ਼ਾਬਦਿਕ ਤੌਰ 'ਤੇ 'ਮਲੇਛ' ਦੇ ਢੁੱਕਵੇਂ ਅਰਥ ਬਣਦੇ ਹਨ, 'ਮਲੀਨ ਇੱਛਾ ਵਾਲਾ' । ਇਸ ਤਰ੍ਹਾਂ, '*ਸਕਲ ਮਲੇਛ ਕਰਹੁ ਰਣਿ ਘਾਤਾ*' ਦੀ ਇਸ ਪੰਕਤੀ ਵਿੱਚ ਮਲੇਛ ਦਾ ਅਰਥ 'ਮਲੀਨ ਇੱਛਾ ਵਾਲਾ' ਹੈ ।

ਜੋ ਲੋਕ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਮਲੇਛ ਦਾ ਅਰਥ ਕੇਵਲ 'ਮੁਸਲਮਾਨ' ਹੀ ਹੋ ਸਕਦਾ ਹੈ, ਉਨ੍ਹਾਂ ਨੂੰ ਗੁਰਬਾਣੀ ਦੇ ਇਸ ਸ਼ਬਦ ਦੀ ਵੀਚਾਰ ਕਰਨੀ ਚਾਹੀਦੀ ਹੈ: -

"*ਭੈਰਉ ਮਹਲਾ ੫ ॥ ਲੇਪੁ ਨ ਲਾਗੋ ਤਿਲ ਕਾ ਮੂਲਿ ॥ ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ ॥ ੧ ॥ ਹਰਿ ਜਨ ਰਾਖੇ ਪਾਰਬ੍ਰਹਮਿ ਆਪਿ ॥ ਪਾਪੀ ਮੂਆ ਗੁਰ ਪਰਤਾਪਿ ॥ ੧ ॥ ਰਹਾਉ ॥ ਅਪਣਾ ਖਸਮੁ ਜਨਿ ਆਪਿ*

[1] ਰਾਗੁ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉ ਕੀ, ਪੰਨਾ ੩੪੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

*ਧਿਆਇਆ ॥ ਇਆਣਾ ਪਾਪੀ ਓਹੁ ਆਪਿ ਪਚਾਇਆ ॥ ੨ ॥ ਪ੍ਰਭ ਮਾਤ ਪਿਤਾ ਅਪਣੇ ਦਾਸ ਕਾ ਰਖਵਾਲਾ ॥ ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ ॥ ੩ ॥ ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ ॥ ਮਲੇਛੁ ਪਾਪੀ ਪਚਿਆ ਭਇਆ ਨਿਰਾਸੁ ॥ ੪ ॥ ੯ ॥'* [੨]

ਇਹ ਸ਼ਬਦ ਇੱਕ ਖ਼ਾਸ ਘਟਨਾ ਵੱਲ ਇਸ਼ਾਰਾ ਕਰਦਾ ਹੈ । ਬਾਲ (ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਮਾਰਣ ਲਈ ਉਨ੍ਹਾਂ ਦੇ ਤਾਇਆ ਪ੍ਰਿਥੀ ਚੰਦ ਨੇ ਕਈ ਯਤਨ ਕੀਤੇ । ਇਨ੍ਹਾਂ ਵਿੱਚੋਂ ਇੱਕ ਯਤਨ ਇਹ ਸੀ ਕਿ ਇੱਕ ਬ੍ਰਾਹਮਣ ਵਰਣ ਦੇ ਵਿਅਕਤੀ ਰਾਹੀਂ ਬਾਲ (ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਜ਼ਹਿਰ ਦੇਣ ਦੀ ਕੋਸ਼ਿਸ਼ ਕੀਤੀ ਗਈ । ਇਹ ਸ਼ਬਦ ਉਸ ਹੀ ਘਟਨਾ ਦਾ ਜ਼ਿਕਰ ਕਰਦਾ ਹੈ । ਇੱਥੇ ਸਪਸ਼ਟ ਰੂਪ ਵਿੱਚ ਲਫ਼ਜ਼ 'ਮਲੇਛੁ' ਉਸੇ ਬ੍ਰਾਹਮਣ ਲਈ ਵਰਤਿਆ ਗਿਆ ਹੈ । ਜਿਸ ਨੂੰ 'ਦੁਸਟੁ ਬ੍ਰਾਹਮਣ' ਕਿਹਾ ਗਿਆ ਹੈ, ਉਸੇ ਨੂੰ ਹੀ 'ਮਲੇਛੁ' ਆਖਿਆ ਗਿਆ ਹੈ । ਸਪਸ਼ਟ ਹੈ ਕਿ ਲਫ਼ਜ਼ 'ਮਲੇਛ' ਕਿਸੀ ਖ਼ਾਸ ਕੌਮ ਜਾਂ ਮਜ਼ਹਬ ਲਈ ਨਹੀਂ ਵਰਤਿਆ ਗਿਆ ।

ਗੁਰਬਾਣੀ ਵਿੱਚੋਂ ਇਸ ਸੰਬੰਧੀ ਹੋਰ ਵੀ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ : -

*"ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ ॥*
*ਗੁਰ ਤੇ ਮੁਹੁ ਫੇਰੇ ਤਿਨ੍ਹ ਜੋਨਿ ਭਵਾਈਐ ॥ ਬੰਧਨਿ ਬਾਧਿਆ ਆਈਐ ਜਾਈਐ ॥'* [੩]

*"ਬ੍ਰਹਮਨ ਬੈਸ ਸੂਦ ਅਰੁ ਖ੍ਹਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ ॥*
*ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ ॥'* [੪]

'ਮਲੀਨ ਇੱਛਾ ਵਾਲਾ' ਵਿਅਕਤੀ ਕਿਸੇ ਵੀ ਦੇਸ਼, ਕੌਮ, ਜਾਤੀ, ਵਰਣ, ਮਜ਼ਹਬ ਆਦਿ ਨਾਲ ਸੰਬੰਧਿਤ ਹੋ ਸਕਦਾ ਹੈ । ਗੁਰੂ ਨਾਨਕ ਦੇਵ ਜੀ ਵੇਲੇ ਅਜਿਹੇ ਹੁਕਮਰਾਨ ਸਨ, ਜੋ ਬੁਰੀ ਇੱਛਾ ਵਾਲੇ ਸਨ । ਇਸ ਲਈ ਉਨ੍ਹਾਂ ਲਈ 'ਮਲੇਛ' ਲਫ਼ਜ਼ ਵਰਤਿਆ ਗਿਆ । ਇਹ ਸੰਜੋਗ ਹੀ ਸੀ ਕਿ ਅਜਿਹੇ ਮਲੇਛ ਆਪਣੇ ਆਪ ਨੂੰ ਮੁਸਲਮਾਨ ਆਖਦੇ ਸਨ । ਦੇਸ਼ ਦੀ ਰੱਖਿਆ ਕਰਨ ਵਾਲੇ ਖਤਰੀ ਦੇਸ਼-ਰੱਖਿਆ ਦਾ ਆਪਣਾ ਧਰਮ ਭੁਲਾ ਕੇ ਅਜਿਹੇ ਮਲੇਛਾਂ ਦੀ ਭਾਸ਼ਾ ਬੋਲਣ ਵਿੱਚ ਹੀ ਫ਼ਖ਼ਰ ਸਮਝ ਰਹੇ ਸਨ : -

*"ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥'* [੫]

---

[੨] ਪੰਨਾ ੧੧੩੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੩] ਬਿਲਾਵਲੁ ਮਹਲਾ ੧, ਪੰਨਾ ੮੩੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੪] ਬਿਲਾਵਲੁ, ਰਵਿਦਾਸ ਜੀ, ਪੰਨਾ ੮੫੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੫] ਧਨਾਸਰੀ ਮਹਲਾ ੧, ਪੰਨਾ ੬੬੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਲੋਕਾਂ ਨੂੰ ਸਿੱਖਿਆ ਦੇਣ ਦਾ ਆਪਣਾ ਫ਼ਰਜ਼ ਭੁੱਲ ਕੇ ਬ੍ਰਾਹਮਣ ਇਨ੍ਹਾਂ ਮਲੇਛ ਹੁਕਮਰਾਨਾਂ ਤੋਂ ਧਨ ਪ੍ਰਾਪਤ ਕਰ ਰਹੇ ਸਨ : -

"*ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥*" [੬]

ਇਸ ਤਰ੍ਹਾਂ, ਅਸੀਂ ਦੇਖਦੇ ਹਾਂ ਕਿ ਲਫ਼ਜ਼ 'ਮਲੇਛ' ਕਿਸੀ ਖ਼ਾਸ ਕੌਮ ਵਾਸਤੇ ਨਹੀਂ ਵਰਤਿਆ ਗਿਆ । ਪੰਕਤੀ "*ਸਕਲ ਮਲੇਛ ਕਰਹੁ ਰਣਿ ਘਾਤਾ ॥*" ਵਿੱਚ ਵੀ 'ਮਲੀਨ ਇੱਛਾ ਵਾਲੇ' ਦੁਸ਼ਮਣ ਨੂੰ ਯੁੱਧ ਵਿੱਚ ਮਾਰਣ ਦੀ ਗੱਲ ਕਹੀ ਗਈ ਹੈ ।

'ਅਪਨੀ ਕਥਾ' (ਬਚਿਤ੍ਰ ਨਾਟਕ) ਵਿੱਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜਨਮ ਦਾ ਕਾਰਣ ਇਵੇਂ ਸਪਸ਼ਟ ਕੀਤਾ ਗਿਆ ਹੈ : -

"*ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵਿ ਪਠਾਏ ॥*
*ਜਹਾ ਤਹਾ ਤੁਮ ਧਰਮ ਬਿਥਾਰੋ ॥ ਦੁਸ਼ਟ ਦੋਖੀਅਨ ਪਕਰਿ ਪਛਾਰੋ ॥ ੪੨॥*
*ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨੰ ॥*
*ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥੪੩॥*"

ਬਿਲਕੁਲ ਸਪਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਸ ਜਗਤ ਵਿੱਚ 'ਦੁਸ਼ਟ' ਲੋਕਾਂ ਦੇ ਵਿਰੁੱਧ ਆਏ ਸਨ, ਕਿਸੇ ਖ਼ਾਸ ਕੌਮ ਜਾਂ ਮਜ਼ਹਬ ਦੇ ਵਿਰੁੱਧ ਨਹੀਂ । ਇਸੇ ਗੱਲ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਕਵੀ 'ਸੈਨਾਪਤੀ' ਇਸ ਪ੍ਰਕਾਰ ਆਖਦਾ ਹੈ: -

"*ਦੁਸ਼ਟ ਬਿਡਾਰਣ ਸੰਤ ਉਬਾਰਣ ਸਬ ਜਗ ਤਾਰਣ ਭਵ ਹਰਣੰ ।*
*ਜੈ ਜੈ ਜੈ ਦੇਵ ਕਰੈ ਸਭ ਹੀ ਤਿਹ ਆਨ ਪਰੇ ਗੁਰ ਕੀ ਸਰਣੰ ।*" [੭]

ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਜਿਨ੍ਹਾਂ ਦੁਸ਼ਟਾਂ ਖ਼ਿਲਾਫ਼ ਲੜ੍ਹਨਾ ਪਿਆ, ਉਨ੍ਹਾਂ ਵਿੱਚ ਕਈ ਅਜਿਹੇ ਸਨ, ਜੋ ਇਸਲਾਮ ਨਾਲ ਸੰਬੰਧ ਰੱਖਦੇ ਸਨ । ਗੁਰੂ ਅਰਜਨ ਦੇਵ ਸਾਹਿਬ ਜੀ ਤੇ ਗੁਰੂ

---

[੬] ਸਲੋਕ, ਮਹਲਾ ੧, ਵਾਰ ਆਸਾ, ਪੰਨਾ ੪੭੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੭] ਧਿਆਇ ੧, ਸ੍ਰੀ ਗੁਰ ਸੋਭਾ ।

ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਵੀ ਮੁਸਲਮਾਨ ਹੁਕਮਰਾਨਾਂ ਦੇ ਹੁਕਮ ਨਾਲ ਹੀ ਹੋਈ ਸੀ। ਛੋਟੇ ਸਾਹਿਬਜ਼ਾਦਿਆਂ ਨੂੰ ਇੱਕ ਮੁਸਲਮਾਨ ਹਾਕਿਮ ਦੇ ਹੁਕਮ ਨਾਲ ਹੀ ਸ਼ਹੀਦ ਕੀਤਾ ਗਿਆ ਸੀ। ਅਨੇਕਾਂ ਸਿੱਖ ਮੁਸਲਮਾਨ ਹਾਕਮਾਂ ਦੇ ਜ਼ੁਲਮਾਂ ਦਾ ਸ਼ਿਕਾਰ ਬਣੇ। ਬਾਬਾ ਬੰਦਾ ਸਿੰਘ ਬਹਾਦੁਰ ਜੀ ਨੂੰ ਇੱਕ ਮੁਸਲਮਾਨ ਹੁਕਮਰਾਨ ਦੇ ਹੁਕਮ ਨਾਲ ਬੜੀ ਬੇਦਰਦੀ ਨਾਲ ਸ਼ਹੀਦ ਕੀਤਾ ਗਿਆ। ਭਾਈ ਮਨੀ ਸਿੰਘ ਜੀ ਆਦਿ ਅਨੇਕ ਗੁਰਸਿੱਖ ਮੁਸਲਮਾਨ ਹੁਕਮਰਾਨਾਂ ਨੇ ਹੀ ਸ਼ਹੀਦ ਕਰਵਾਏ ਸਨ। ਬਾਅਦ ਵਿੱਚ ਵੀ ਸਿੱਖਾਂ ਨੇ ਜਿਸ ਹਕੂਮਤ ਨਾਲ ਜੰਗ ਕੀਤੇ, ਉਹ ਮੁਸਲਮਾਨਾਂ ਦੀ ਹੀ ਸੀ। ਨਿਸ਼ਚਿਤ ਰੂਪ ਵਿੱਚ ਇਹ ਹੁਕਮਰਾਨ 'ਦੁਸ਼ਟ' ਹੀ ਸਨ। ਸਿੱਖਾਂ ਦਾ ਸੰਘਰਸ਼ 'ਦੁਸ਼ਟ' ਸੱਤਾ ਖ਼ਿਲਾਫ਼ ਸੀ। ਇਹ ਸੰਜੋਗ ਸੀ ਕਿ ਇਹ 'ਦੁਸ਼ਟ' ਜਿਸ ਮਜ਼ਹਬ ਨੂੰ ਮੰਨਦੇ ਸਨ, ਉਹ ਇਸਲਾਮ ਸੀ। ਦੁਸ਼ਟ ਹਕੂਮਤ ਵੱਲੋਂ ਕੀਤੇ ਅੱਤਿਆਚਾਰ ਕਾਰਣ ਸਿੱਖ ਲੇਖਕਾਂ ਨੇ 'ਦੁਸ਼ਟ' ਅਤੇ 'ਤੁਰਕ' ਲਫ਼ਜ਼ਾਂ ਨੂੰ ਸਮਾਨ-ਅਰਥਕ ਬਣਾ ਲਿਆ, ਤੇ ਇੰਝ ਸਿੱਖਾਂ ਦੀਆਂ ਲਿਖਤਾਂ ਵਿੱਚ ਤੁਰਕਾਂ (ਮੁਸਲਮਾਨਾਂ) ਪ੍ਰਤੀ ਅਜਿਹੇ ਵੀਚਾਰ ਵੇਖਣ ਨੂੰ ਮਿਲਣ ਲੱਗੇ। ਸੁੱਖਾ ਸਿੰਘ ਆਦਿਕ ਲੇਖਕਾਂ/ਕਵੀਆਂ ਨੇ ਲਿੱਖ ਦਿੱਤਾ : -

*"ਤੁਰਕ ਮਲੇਛਨ ਸੋ ਨਹੀਂ ਮਿਲਨਾ। ਲੈ ਹਥੀਆਰ ਸਾਮੁਹੇ ਪਿਲਨਾ।"* [੮]

ਕੇਸਰ ਸਿੰਘ ਛਿੱਬਰ ਤਾਂ ਤੁਰਕਾਂ ਖ਼ਿਲਾਫ਼ ਲਿੱਖਣ ਲੱਗਿਆਂ ਸਾਰੀਆਂ ਹੱਦਾਂ ਪਾਰ ਕਰਦਾ ਦਿਖਾਈ ਦਿੰਦਾ ਹੈ। ਅਜਿਹਾ ਹੀ ਗੁਰਦਾਸ (ਦੂਜਾ) ਵੀ ਕਰਦਾ ਹੈ, ਜਦੋਂ ਉਹ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ ਖ਼ਾਲਸੇ ਦੇ ਕੰਮਾਂ ਬਾਰੇ ਇਹ ਝੂਠ ਲਿੱਖਦਾ ਹੈ : -

*"ਤਬ ਸੁੰਨਤ ਕੋਇ ਨ ਕਰਿ ਸਕੈ ਕਾਂਪਤਿ ਤੁਰਕਾਨਾ।*
*ਇਉਂ ਉਮਤ ਸਭ ਮੁਹੰਮਦੀ ਖਪਿ ਗਈ ਨਿਦਾਨਾ।"*

ਜਾਂ

*"ਜਾਗੇ ਸਿੰਘ ਬਲਵੰਤ ਬੀਰ ਸਭ ਦੁਸ਼ਟ ਖਪਾਏ।*
*ਦੀਨ ਮੁਹੰਮਦੀ ਉਠ ਗਇਓ, ਹਿੰਦਕ ਠਹਿਰਾਏ।*
*ਤਹਿ ਕਲਮਾ ਕੋਈ ਨ ਪੜ੍ਹ ਸਕੈ, ਨਹੀਂ ਜ਼ਿਕਰ ਅਲਾਏ।"*

[੮] ਛੰਦ ੫੪, ਧਯਾਇ ੧੨, ਗੁਰ ਬਿਲਾਸ ਪਾਤਸ਼ਾਹੀ ੧੦', ਕ੍ਰਿਤ ਕਵੀ ਸੁੱਖਾ ਸਿੰਘ।

ਅਜਿਹੀ ਸੋਚ ਵਾਲੇ ਹੀ ਵਿਅਕਤੀਆਂ ਨੇ 'ਰਹਿਤਨਾਮਾ ਭਾਈ ਚਉਪਾ ਸਿੰਘ' ਵਿੱਚ ਵੀ ਅਜਿਹੀਆਂ ਪੰਕਤੀਆਂ ਸ਼ਾਮਿਲ ਕਰ ਦਿੱਤੀਆਂ ਹਨ । ਇਹ ਤਾਂ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਕਿ ਅਸਲ ਲਿੱਖਤ ਵਿੱਚ ਅਜਿਹੀਆਂ ਪੰਕਤੀਆਂ ਸ਼ਾਮਿਲ ਸਨ ।

ਪੁਰਾਣੇ ਸਿੱਖ ਲੇਖਕਾਂ ਵੱਲੋਂ ਕੀਤੀਆਂ ਗਈਆਂ ਮੁਸਲਮਾਨਾਂ ਪ੍ਰਤੀ ਅਜਿਹੀਆਂ ਟਿੱਪਣੀਆਂ ਦੀ ਤੁਲਨਾ ਸੰਨ ੧੯੮੪ ਈ: ਦੇ ਸਾਕੇ ਤੋਂ ਪਹਿਲਾਂ ਤੇ ਬਾਅਦ ਵਿੱਚ ਕੁੱਝ ਅਖੌਤੀ ਸਿੱਖ ਪ੍ਰਚਾਰਕਾਂ/ਨੇਤਾਵਾਂ ਵੱਲੋਂ ਕੀਤੀਆਂ ਹਿੰਦੂਆਂ ਪ੍ਰਤੀ ਅਪਮਾਨ-ਜਨਕ ਟਿੱਪਣੀਆਂ ਨਾਲ ਕੀਤੀ ਜਾ ਸਕਦੀ ਹੈ । ਗੁਰੂ ਦੀ ਸਿੱਖੀ ਕਿਸੇ ਵੀ ਖ਼ਾਸ ਮਜ਼ਹਬ ਨੂੰ ਮੰਨਣ ਵਾਲਿਆਂ ਪ੍ਰਤੀ ਅਜਿਹੀ ਸ਼ਬਦਾਵਲੀ ਵਰਤਣ ਦੀ ਇਜਾਜ਼ਤ ਨਹੀਂ ਦਿੰਦੀ ।

ਗੁਰੂ-ਇਤਿਹਾਸ ਦੀ ਡੂੰਘੀ ਸਮਝ ਰੱਖਣ ਵਾਲੇ ਜਾਣਦੇ ਹਨ ਕਿ ਗੁਰੂ ਸਾਹਿਬਾਨ ਦੇ ਹਿੰਦੂ ਅਤੇ ਮੁਸਲਮਾਨ ਧਾਰਮਿਕ ਆਗੂਆਂ ਨਾਲ ਬੜੇ ਚੰਗੇ ਸੰਬੰਧ ਰਹੇ ਹਨ । ਬਹੁਤ ਸਾਰੇ ਮੁਸਲਮਾਨ ਵੀ ਗੁਰੂ ਸਾਹਿਬਾਨ ਦੇ ਸ਼ਰਧਾਲੂ ਰਹੇ ਹਨ । ਤਲਵੰਡੀ (ਅੱਜਕਲ੍ਹ ਸ੍ਰੀ ਨਨਕਾਣਾ ਸਾਹਿਬ ਜੀ) ਦਾ ਸਥਾਨਕ ਹਾਕਿਮ ਰਾਏ ਬੁਲਾਰ ਭੱਟੀ ਅਤੇ ਸੁਲਤਾਨਪੁਰ ਲੋਧੀ ਦਾ ਹਾਕਿਮ ਦੌਲਤ ਖ਼ਾਨ ਲੋਧੀ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਸਨ । ਸ਼ੇਖ ਬ੍ਰਹਮ (ਇਬਰਾਹੀਮ) ਵੀ ਗੁਰੂ ਨਾਨਕ ਦੇਵ ਜੀ ਦੀ ਰੂਹਾਨੀਅਤ ਤੋਂ ਪ੍ਰਭਾਵਿਤ ਸਨ । ਗੁਰੂ ਸਾਹਿਬ ਜੀ ਦੀ ਉਨ੍ਹਾਂ ਨਾਲ ਮੁਲਾਕਾਤ ਦਾ ਵੇਰਵਾ ਗਿਆਨ-ਵਰਧਕ ਹੈ ।

ਸਾਈਂ ਮੀਆਂ ਮੀਰ ਜੀ ਦੇ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਾਲ ਬਹੁਤ ਚੰਗੇ ਸੰਬੰਧ ਸਨ । ਸਾਈ ਮੀਆਂ ਮੀਰ ਜੀ ਨੇ ਹੀ ਮਾਤਾ ਕੌਲਾਂ ਜੀ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸ਼ਰਣ ਵਿੱਚ ਭੇਜਿਆ ਸੀ ।

ਇਤਿਹਾਸ ਸੱਯਦ ਭੀਖਨ ਸ਼ਾਹ ਅਤੇ ਪੀਰ ਬੁੱਧੂ ਸ਼ਾਹ ਜੀ ਦੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਸ਼ਰਧਾ ਦਾ ਜ਼ਿਕਰ ਕਰਦਾ ਹੈ । ਪ੍ਰਸਿੱਧ ਹੈ ਕਿ ਪੀਰ ਬੁੱਧੂ ਸ਼ਾਹ ਜੀ ਦੇ ਦੋ ਪੁੱਤਰ ਅਤੇ ਕਈ ਸੇਵਕ ਭੰਗਾਣੀ ਦੀ ਜੰਗ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਤਰਫ਼ੋਂ ਲੜ੍ਹਦਿਆਂ ਸ਼ਹੀਦ ਹੋਏ ਸਨ । ਗੁਰਸਿੱਖ ਦੋ ਮੁਸਲਮਾਨ ਭਰਾਵਾਂ ਗ਼ਨੀ ਖ਼ਾਨ ਤੇ ਨਬੀ ਖ਼ਾਨ ਨੂੰ ਵੀ ਕਦੇ ਨਹੀਂ ਭੁੱਲ ਸਕਦੇ ।

ਜੇ ਕੋਈ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਕੁੱਝ ਮੁਸਲਮਾਨ ਸਪਸ਼ਟ ਰੂਪ ਵਿੱਚ ਗੁਰੂਆਂ ਦੇ ਦੁਸ਼ਮਣ ਸਨ, ਤਾਂ ਉਨ੍ਹਾਂ ਹਿੰਦੂਆਂ ਬਾਰੇ ਵੀ ਅਜਿਹੀ ਗੱਲ ਆਖੀ ਜਾ ਸਕਦੀ ਹੈ, ਜੋ ਗੁਰੂ ਸਾਹਿਬਾਨ ਦੇ ਵਿਰੋਧੀ/ਦੁਸ਼ਮਣ ਰਹੇ । ਦੀਵਾਨ ਚੰਦੂ, ਰਾਜਾ ਫ਼ਤਹਿ ਸ਼ਾਹ, ਰਾਜਾ ਕੇਸਰੀ ਚੰਦ, ਰਾਜਾ ਹਰੀ ਚੰਦ ਆਦਿ ਗੁਰੂ ਸਾਹਿਬਾਨ ਦੇ ਦੁਸ਼ਮਣ ਸਨ ।

ਅਜਿਹਾ ਵੀ ਨਹੀਂ ਕਿ ਕੇਵਲ ਕੁੱਝ ਹਿੰਦੂਆਂ ਜਾਂ ਮੁਸਲਮਾਨਾਂ ਨੇ ਹੀ ਗੁਰੂ ਸਾਹਿਬਾਨ ਨਾਲ ਦੁਸ਼ਮਣੀ ਨਿਭਾਈ ਹੋਏ । ਪ੍ਰਿਥੀ ਚੰਦ ਤਾਂ ਸਪਸ਼ਟ ਰੂਪ ਵਿੱਚ ਗੁਰੂ ਰਾਮਦਾਸ ਜੀ ਦਾ ਸਿੱਖ ਸੀ । ਸਾਰੇ ਜਾਣਦੇ ਹਨ ਕਿ ਉਸ ਨੇ ਆਪਣੇ ਭਰਾ ਗੁਰੂ ਅਰਜਨ ਦੇਵ ਜੀ ਮਹਾਰਾਜ ਨਾਲ ਦੁਸ਼ਮਣੀ ਨਿਭਾਈ । ਪ੍ਰਿਥੀ ਚੰਦ ਨੇ ਬਾਲ (ਗੁਰੂ) ਹਰਿਗੋਬਿੰਦ ਸਾਹਿਬ ਜੀ ਦੀ ਜਾਨ ਲੈਣ ਦੇ ਯਤਨ ਕਰਵਾਏ । ਸੁਲਹੀ ਖ਼ਾਨ ਨੂੰ ਅੰਮ੍ਰਿਤਸਰ ਸਾਹਿਬ 'ਤੇ ਹਮਲਾ ਕਰਨ ਲਈ ਪ੍ਰੇਰ ਕੇ ਲਿਆਉਣ ਵਾਲਾ ਵੀ ਪ੍ਰਿਥੀ ਚੰਦ ਹੀ ਸੀ, ਹਾਲਾਂਕਿ ਸੁਲਹੀ ਖ਼ਾਨ ਖ਼ੁਦ ਹੀ ਮਾਰਿਆ ਗਿਆ ਤੇ ਅੰਮ੍ਰਿਤਸਰ ਸਾਹਿਬ 'ਤੇ ਹਮਲਾ ਨਾ ਕਰ ਸਕਿਆ ।

ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦੇ ਪੋਤਰੇ ਧੀਰ ਮੱਲ ਨੇ ਸ਼ੀਹੇਂ ਮਸੰਦ ਰਾਹੀਂ ਗੁਰੂ ਤੇਗ਼ ਬਹਾਦਰ ਸਾਹਿਬ ਜੀ 'ਤੇ ਗੋਲੀ ਚਲਵਾਈ ਸੀ ।

ਇਸ ਪ੍ਰਕਾਰ ਅਸੀਂ ਆਖ ਸਕਦੇ ਹਾਂ ਕਿ ਬੁਰੇ ਵਿਅਕਤੀ ਤਾਂ ਹਰ ਕੌਮ ਜਾਂ ਮਜ਼ਹਬ ਵਿੱਚ ਹੋ ਸਕਦੇ ਹਨ, ਪਰ ਕਿਸੀ ਸਮੁੱਚੀ ਕੌਮ ਜਾਂ ਮਜ਼ਹਬ ਨੂੰ ਉਨ੍ਹਾਂ ਵਿੱਚਲੇ ਕੁੱਝ ਬੁਰੇ ਵਿਅਕਤੀਆਂ ਕਾਰਣ ਬੁਰਾ ਨਹੀਂ ਠਹਿਰਾਇਆ ਜਾਣਾ ਚਾਹੀਦਾ । ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵੀ ਕਿਸੀ ਸਮੁੱਚੀ ਕੌਮ ਨੂੰ ਦੋਸ਼ੀ ਨਹੀਂ ਗਰਦਾਨ ਦਿੱਤਾ ਸੀ ਤੇ ਨਾ ਹੀ ਭਾਈ ਚਉਪਾ ਸਿੰਘ ਵਰਗੇ ਉਨ੍ਹਾਂ ਦੇ ਕਿਸੇ ਨਿਕਟਵਰਤੀ ਗੁਰਸਿੱਖ ਨੇ ਅਜਿਹਾ ਕੀਤਾ । 'ਰਹਿਤਨਾਮਾ ਭਾਈ ਚਉਪਾ ਸਿੰਘ' ਵਿੱਚਲੀਆਂ ਅਜਿਹੀਆਂ ਪੰਕਤੀਆਂ ਨਿਸ਼ਚਿਤ ਰੂਪ ਵਿੱਚ ਬਾਅਦ ਵਿੱਚ ਸ਼ਾਮਿਲ ਕੀਤੀਆਂ ਗਈਆਂ ਹਨ ।

ਹੁਣ, 'ਰਹਿਤਨਾਮਾ ਭਾਈ ਚਉਪਾ ਸਿੰਘ' ਵਿੱਚਲੀਆਂ ਕੁੱਝ ਅਜਿਹੀਆਂ ਪੰਕਤੀਆਂ ਬਾਰੇ ਵੀਚਾਰ ਕਰੀਏ: -

"*ਤੁਰਕ ਨਾਲਿ ਦੋਸਤੀ ਭੀ ਨਾ ਕਰੈ ਅਤੇ ਵਿਸਾਹੁ ਭੀ ਨਾ ਕਰੈ ।*"

ਗੁਰਬਾਣੀ ਕਿਸੇ ਮਜ਼ਹਬ ਵਿਸ਼ੇਸ਼ ਨੂੰ ਮੰਨਣ ਵਾਲੇ ਨਾਲ ਦੋਸਤੀ ਕਰਨ ਤੋਂ ਨਹੀਂ ਵਰਜਦੀ । ਹਾਂ, ਮਨਮੁੱਖ ਨਾਲ ਦੋਸਤੀ ਕਰਨ ਨੂੰ ਚੰਗਾ ਨਹੀਂ ਸਮਝਿਆ ਗਿਆ: -

"*ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ ॥*" [੬]

ਮਨਮੁੱਖ ਦੀ ਦੋਸਤੀ ਕੇਵਲ ਮਤਲਬ ਕਾਰਣ ਹੀ ਹੁੰਦੀ ਹੈ । ਜਦੋਂ ਉਸ ਦਾ ਮਤਲਬ ਪੂਰਾ ਨਾ ਹੋਏ, ਦੋਸਤੀ ਟੁੱਟ ਜਾਂਦੀ ਹੈ: -

---

[੬] ਸਲੋਕ ਮਹਲਾ ੩, ਸਲੋਕ ਵਾਰਾਂ ਤੇ ਵਧੀਕ, ਪੰਨਾ ੧੪੨੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

"*ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ ॥ ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ ॥ ਜਿਚਰੁ ਪੈਨਨਿ ਖਾਵਨੇ ਤਿਚਰੁ ਰਖਨਿ ਗੰਢੁ ॥ ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ ॥*" [੧੦]

ਜਿੰਨਾ ਚਿਰ ਦੁਨੀ ਚੰਦ ਦਾ ਮਤਲਬ ਪੂਰਾ ਹੁੰਦਾ ਰਿਹਾ, ਉਹ ਸ੍ਰੀ ਅਨੰਦਪੁਰ ਸਾਹਿਬ ਵਿਖੇ ਟਿੱਕਿਆ ਰਿਹਾ। ਜਦੋਂ 'ਯਾਰੀ ਪਰਖੀਏ ਯਾਰਾਂ ਦੀ, ਜਦ ਮਾਰ ਪਏ ਤਲਵਾਰਾਂ ਦੀ' ਵਾਲੀ ਸਥਿੱਤੀ ਆਈ, ਤਾਂ ਉਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਸਾਥ ਛੱਡ ਕੇ ਭੱਜ ਗਿਆ। ਇਸੇ ਨੂੰ ਤਾਂ ਆਖਦੇ ਹਨ "*ਜਿਚਰੁ ਪੈਨਨਿ ਖਾਵਨੇ ਤਿਚਰੁ ਰਖਨਿ ਗੰਢੁ ॥*"

ਮਨਮੁੱਖ ਦੀ ਇਸ ਕਥਿੱਤ ਦੋਸਤੀ ਦੀ ਉਮਰ ਬਹੁਤੀ ਲੰਬੀ ਨਹੀਂ ਹੁੰਦੀ। ਇਹ ਥੋੜ੍ਹੇ ਦਿਨ ਹੀ ਰਹਿੰਦੀ ਹੈ। ਇਸ ਨੂੰ ਟੁੱਟਦਿਆਂ ਕੋਈ ਬਹੁਤਾ ਚਿਰ ਨਹੀਂ ਲੱਗਦਾ। ਅਜਿਹੀ ਦੋਸਤੀ ਵਿਕਾਰ ਹੀ ਦਿੰਦੀ ਹੈ। ਭਲਾ ਅਜਿਹੇ ਵਿਅਕਤੀਆਂ ਨਾਲ ਦੋਸਤੀ ਕਰਨ ਦਾ ਫ਼ਾਇਦਾ ਵੀ ਕੀ ਹੈ, ਜਿਨ੍ਹਾਂ ਨੂੰ ਰੱਬ ਦਾ ਡਰ ਨਹੀਂ, ਜਿਨ੍ਹਾਂ ਨੂੰ 'ਨਾਮ' ਨਾਲ ਪਿਆਰ ਨਹੀਂ: -

"*ਮਨਮੁਖ ਸੇਤੀ ਦੋਸਤੀ ਥੋੜੜਿਆ ਦਿਨ ਚਾਰਿ ॥ ਇਸੁ ਪਰੀਤੀ ਤੁਟਦੀ ਵਿਲਮੁ ਨ ਹੋਵਈ ਇਤੁ ਦੋਸਤੀ ਚਲਨਿ ਵਿਕਾਰ ॥ ਜਿਨਾ ਅੰਦਰਿ ਸਚੇ ਕਾ ਭਉ ਨਾਹੀ ਨਾਮਿ ਨ ਕਰਹਿ ਪਿਆਰੁ ॥ ਨਾਨਕ ਤਿਨ ਸਿਉ ਕਿਆ ਕੀਚੈ ਦੋਸਤੀ ਜਿ ਆਪਿ ਭੁਲਾਏ ਕਰਤਾਰਿ ॥*" [੧੧]

ਦੋਸਤੀ ਕਰਨੀ ਹੈ, ਤਾਂ ਗੁਰਮੁੱਖ ਨਾਲ ਹੀ ਕੀਤੀ ਜਾਏ: -

"*ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ ॥ ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ ॥*" [੧੨]

'ਰਹਿਤਨਾਮਾ ਭਾਈ ਚਉਪਾ ਸਿੰਘ' ਵਿੱਚਲੀ ਇੱਕ ਪੰਕਤੀ ਹੈ, "*ਤੁਰਕ ਦੇ ਹਥਹੁੰ ਪਾਣੀ ਨ ਪੀਵੈ ।*" ਅਜਿਹੀ ਹੀ ਇੱਕ ਹੋਰ ਪੰਕਤੀ ਇਸ ਤਰ੍ਹਾਂ ਹੈ, "*ਨਾ ਤੁਰਕ ਕੇ ਪਾਸੋਂ ਜਲ ਪੀਐ ।*"

---

[੧੦] ਮ: ੫, ਰਾਮਕਲੀ ਕੀ ਵਾਰ, ਪੰਨਾ ੯੫੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

[੧੧] ਸਲੋਕ, ਮ: ੩, ਵਡਹੰਸ ਕੀ ਵਾਰ, ਪੰਨਾ ੫੮੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

[੧੨] ਸਲੋਕ ਮਹਲਾ ੩, ਸਲੋਕ ਵਾਰਾਂ ਤੇ ਵਧੀਕ, ਪੰਨਾ ੧੪੨੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਬਜ਼ੁਰਗਾਂ ਤੋਂ ਸੁਣਦੇ ਹਾਂ ਕਿ ਸੰਨ ੧੯੪੭ ਵਿੱਚ ਭਾਰਤ ਅਤੇ ਪਾਕਿਸਤਾਨ ਦੀ ਵੰਡ ਤਕ ਲਾਹੌਰ ਦੇ ਰੇਲਵੇ ਸਟੇਸ਼ਨ ਉੱਤੇ ਹਿੰਦੂਆਂ/ਸਿੱਖਾਂ ਲਈ ਵੱਖਰੇ ਅਤੇ ਮੁਸਲਮਾਨਾਂ ਲਈ ਵੱਖਰੇ ਤੌਰ 'ਤੇ ਪਾਣੀ ਦਾ ਇੰਤਜ਼ਾਮ ਹੁੰਦਾ ਸੀ, ਜਿਸ ਨੂੰ 'ਹਿੰਦੂ ਪਾਣੀ' ਤੇ 'ਮੁਸਲਮਾਨ ਪਾਣੀ' ਕਿਹਾ ਜਾਂਦਾ ਸੀ। ਹੁਣ ਸਮਾਂ ਬਦਲ ਗਿਆ ਹੈ। ਹੋਰਨਾਂ ਜੱਥਿਆਂ ਦੇ ਅੰਮ੍ਰਿਤਧਾਰੀ ਸਿੱਖਾਂ ਦੇ ਹੱਥ ਦਾ ਤਿਆਰ ਪ੍ਰਸ਼ਾਦ ਨਾ ਛਕਣ ਵਾਲੇ ਪਾਕਿਸਤਾਨ ਜਾ ਕੇ ਮੁਸਲਮਾਨਾਂ ਵੱਲੋਂ ਤਿਆਰ ਕੀਤੇ ਪਕਵਾਨ ਆਦਿ ਚਾਈਂ-ਚਾਈਂ ਛੱਕਦੇ ਹਨ। ਪਾਕਿਸਤਾਨ ਵਿੱਚ ਹੋਟਲਾਂ ਵਿੱਚ ਮਿਲਦਾ ਮਾਸ ਨਿਸ਼ਚਿਤ ਤੌਰ 'ਤੇ 'ਕੁੱਠਾ' ਹੀ ਹੁੰਦਾ ਹੈ। ਕਈ ਸਿੱਖ ਅਖਵਾਉਂਦੇ ਲੋਕ ਇਨ੍ਹਾਂ ਹੋਟਲਾਂ ਵਿੱਚ ਮਾਸ ਖਾਂਦੇ ਵੇਖੇ ਗਏ ਹਨ, ਜਦਕਿ 'ਕੁੱਠਾ' ਖਾਣਾ ਬਜਰ ਕੁਰਹਿਤ ਮੰਨੀ ਗਈ ਹੈ।

ਜੇ ਸਫ਼ਾਈ ਦਾ ਪੂਰਾ ਖ਼ਿਆਲ ਰੱਖਿਆ ਗਿਆ ਹੈ, ਤਾਂ ਕਿਸੇ ਦੇ ਹੱਥੋਂ ਵੀ ਪਾਣੀ ਪੀਣ ਵਿੱਚ ਕਿਸੇ ਪ੍ਰਕਾਰ ਦਾ ਦੋਸ਼ ਨਹੀਂ ਹੋ ਸਕਦਾ।

ਇਸ ਸਾਰੀ ਵੀਚਾਰ ਤੋਂ ਅਸੀਂ ਇਸ ਨਤੀਜੇ 'ਤੇ ਪੁੱਜਦੇ ਹਾਂ ਕਿ ਗੁਰਮਤਿ ਕਿਸੇ ਵਿਸ਼ੇਸ਼ ਮਜ਼ਹਬ ਨੂੰ ਮੰਨਣ ਵਾਲੇ ਪ੍ਰਤੀ ਮੰਦ-ਭਾਵਨਾ ਰੱਖਣ ਦੀ ਇਜਾਜ਼ਤ ਨਹੀਂ ਦਿੰਦੀ।

✷